Mail Sent
Satish
17/5/16

ਈ.ਮੇਲ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੇਟ ਅਥਾਰਟੀ,
ਐਸ.ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇਨਫਰਮੇਸ਼ਨ ਅਫਸਰ
-ਕਮ- ਜ਼ਿਲ੍ਹਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ।

ਨੰਬਰ ਵਸਟਕ/ਅਪੀਲ ਨੰਬਰ 62 ਆਫ 2016/ 21858
ਮਿਤੀ 13-5-16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ ਵਸਟਕ/ਅਪੀਲ ਨੰਬਰ 62 ਆਫ 2016/18400 ਮਿਤੀ 27-4-2016 ਦੇ ਸਬੰਧ ਵਿੱਚ।

2. ਆਪ ਜੀ ਨੂੰ ਸ਼੍ਰੀ ਵਿਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1, ਫਿਰਜ਼ੋਪੁਰ ਸ਼ਹਿਰ(ਪੰਜਾਬ)-152001 ਮੋਬਾਈਲ ਨੰ.96533-65252 ਦੀ ਪ੍ਰਤੀਲਿਪੀ ਮਿਤੀ 19-04-2016 ਭੇਜ ਕੇ ਬੇਨਤੀ ਕੀਤੀ ਗਈ ਸੀ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 4-5-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੂਚਨਾ ਸਮੇਤ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

3. ਪ੍ਰੰਤੂ ਨਾਂ ਤਾਂ ਆਪ ਹਾਜ਼ਰ ਆਏ ਅਤੇ ਨਾ ਹੀ ਕੋਈ ਸੂਚਨਾ ਭੇਜੀ ਗਈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਆਰ.ਟੀ.ਆਈ ਐਕਟ, 2005 ਤਹਿਤ ਇੱਕ ਹਫਤੇ ਦੇ ਅੰਦਰ ਅੰਦਰ ਮੁਹੱਈਆ ਕਰਵਾਈ ਜਾਵੇ।

ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਪਿੱਠ ਅੰਕਣ ਨੰ: ਸਟਕ/ ਵਸਟਕ/ਅਪੀਲ ਨੰ: 62 ਆਫ 2016/21859 ਮਿਤੀ: 13-5-16

ਉਤਾਰਾ ਸ਼੍ਰੀ ਵਿਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1, ਫਿਰਜ਼ੋਪੁਰ ਸ਼ਹਿਰ(ਪੰਜਾਬ)-152001 ਮੋਬਾਈਲ ਨੰ.96533-65252 ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ

11/5/16

Mail Sent
Sd/-
27/5/16

ਈ ਮੇਲ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੇਟ ਅਥਾਰਟੀ,
ਐਸ.ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇਨਫਰਮੇਸ਼ਨ ਅਫਸਰ
-ਕਮ- ਜ਼ਿਲ੍ਹਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ।

ਨੰਬਰ ਵਸਟਕ/ਅਪੀਲ ਨੰਬਰ 62 ਆਫ 2016/ 18400
ਮਿਤੀ 27-5-16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਆਪ ਜੀ ਨੂੰ ਸ੍ਰੀ ਵਿਕੀ ਬਜਾਜ ਪੁੱਤਰ ਸ੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1, ਫਿਰਜ਼ੋਪੁਰ ਸ਼ਹਿਰ(ਪੰਜਾਬ)-152001 ਮੋਬਾਈਲ ਨੰ.96533-65252 ਦੀ ਪ੍ਰਤੀਬੇਨਤੀ ਮਿਤੀ 19-04-2016 (ਕਾਪੀ ਨੱਥੀ)ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 4-6-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੂਚਨਾ ਸਮੇਤ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

Sd/- 27-5-16
ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਪਿੱਠ ਅੰਕਣ ਨੰ: ਸਟਬ/ ਵਸਟਕ/ਅਪੀਲ ਨੰ: 62 ਆਫ 2016/ 18401 ਮਿਤੀ 27-5-16

ਉਤਾਰਾ ਸ੍ਰੀ ਵਿਕੀ ਬਜਾਜ ਪੁੱਤਰ ਸ੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1, ਫਿਰਜ਼ੋਪੁਰ ਸ਼ਹਿਰ(ਪੰਜਾਬ)-152001 ਮੋਬਾਈਲ ਨੰ.96533-65252 ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

Sd/- 27-5-16
ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ

Sd/- 26/5/16

ਅਪੀਲ ਨੰ. 69 ਸਾਲ 2016

ਸੇਵਾ ਵਿਖੇ,

ਮਾਨਯੋਗ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ,
ਚੰਡੀਗੜ੍ਹ ।

ਵਿਸ਼ਾ:- ਪਹਿਲੀ ਅਪੀਲ ਬਾਬਤ ਸੂਚਨਾ ਸਬੰਧੀ ਅਧਿਕਾਰ ਕਾਨੂੰਨ-2005 ਤਹਿਤ ਲੋਕ ਸੂਚਨਾ ਅਧਿਕਾਰੀ-ਕਮ ਜਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜ਼ਪੁਰ-152001 ਵੱਲੋਂ ਸੂਚਨਾਂ ਨਾਂ ਦੇਣ ਕਰਕੇ ਕਿਏ ਜਾਣੇ ਕਾਰਵਾਈ ਦਾ ਦਿਲਾਏ ਜਾਣੇ ਸਬੰਧਤ ਸੂਚਨਾਂ ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਸੂਚਨਾ ਸਬੰਧੀ ਅਧਿਕਾਰ ਕਾਨੂੰਨ-2005 ਤਹਿਤ ਫਾਰਮ-ਏ ਮਹਿ ਦਰਖਾਸਤ ਫੀਸ ਇੰਡੀਅਨ ਪੋਸਟਲ ਆਰਡਰ ਰੁ:10/- ਦੇ ਲਗਾ ਕੇ ਦਰਖਾਸਤ ਮਿਤੀ 22-02-2016 ਨੂੰ ਲੋਕ ਸੂਚਨਾ ਅਧਿਕਾਰੀ-ਕਮ ਜਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜ਼ਪੁਰ-152001 ਨੂੰ ਰਜਿਸਟਰਡ ਡਾਕ ਰਾਹੀਂ ਸੂਚਨਾਂ ਬਾਬਤ **ਡੀ.ਟੀ.ਓ. ਦਫਤਰ ਫਿਰੋਜ਼ਪੁਰ ਅਤੇ ਇਸ ਦਫਤਰ ਨਾਲ ਸਬੰਧਤ ਸੁਵਿਧਾ ਸ਼ਾਖਾ ਫਿਰੋਜ਼ਪੁਰ ਦੇ ਸਬੰਧ ਵਿੱਚ ਮਿਤੀ 01-01-2002 ਤੋਂ 16-02-2016 ਤੱਕ ਦੇ ਸਮੇਂ ਦੀ 7 ਨੁਕਤਿਆਂ ਬਾਰੇ ਤਸਦੀਕਸ਼ੁਦਾ ਸੂਚਨਾਂ** ਮੰਗੀ ਸੀ, ਜਿਸ ਦੀਆਂ ਫੋਟੋ ਸਟੇਟ ਕਾਪੀਆਂ ਨਾਲ ਸ਼ਾਮਲ ਹਨ ।

ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਆਰ.ਟੀ.ਆਈ.ਐਕਟ ਤਹਿਤ ਦਰਖਾਸਤ ਫਾਰਮ-ਏ ਤਹਿਤ ਸੂਚਨਾਂ ਲੈਣ ਲਈ ਰਜਿਸਟਰਡ ਡਾਕ ਰਾਹੀ ਮਿਤੀ 22-2-2016 ਨੂੰ ਸ਼ਾਮ 5.58 ਮਿੰਟ ਤੇ ਭੇਜੀ ਸੀ ਅਤੇ ਪਬਲਿਕ ਇੰਨਫਰਮੇਸ਼ਨ ਅਫਸਰ-ਕਮ-ਜਿਲ੍ਹਾ ਟਰਾਂਸਪੋਰਟ ਅਫਸਰ ਫਿਰੋਜ਼ਪੁਰ ਵੱਲੋਂ ਆਪਣੇ ਦਫਤਰ ਦਾ ਪਿਛਲੀ ਤਾਰੀਖ ਦਾ ਪਿੱਠ ਅੰਕਣ ਨੰਬਰ 169 ਮਿਤੀ 22-2-2016 ਲਗਾ ਕੇ ਮੈਨੂੰ ਉਤਾਰਾ ਮਿਤੀ 29-2-2016 ਨੂੰ ਭੇਜਿਆ ਗਿਆ ਹੈ, ਜੋ ਇਸ ਮੰਗੀ ਗਈ ਸੂਚਨਾਂ ਦੇਣ ਦੀ ਜਿੰਮੇਵਾਰੀ ਸ੍ਰੀ ਸੁਖਜਿੰਦਰ ਸਿੰਘ ਕਲਰਕ, ਜਿਲ੍ਹਾ ਟਰਾਂਸਪੋਰਟ ਅਫਸਰ ਫਿਰੋਜ਼ਪੁਰ ਦੀ ਲਗਾਈ ਗਈ ਸੀ । ਪਰੰਤੂ ਮੈਨੂੰ ਇਸ ਵੱਲੋਂ ਮੰਗੀ ਗਈ ਸੂਚਨਾ ਨਹੀਂ ਦਿੱਤੀ ਗਈ ਤੇ ਦੋਬਾਰਾ ਪਬਲਿਕ ਇੰਨਫਰਮੇਸ਼ਨ ਅਫਸਰ-ਕਮ-ਜਿਲ੍ਹਾ ਟਰਾਂਸਪੋਰਟ ਅਫਸਰ ਫਿਰੋਜ਼ਪੁਰ ਨੇ ਆਪਣੇ ਦਫਤਰ ਦਾ ਪੱਤਰ ਨੰ: ਡੀ.ਟੀ.ਓ./ਫਿਰੋਜ਼ਪੁਰ/269, ਮਿਤੀ 22-3-2016 ਭੇਜ ਕੇ ਲਿਖਿਆ ਹੈ ਕਿ ਮੇਰੇ ਵੱਲੋਂ 7 ਨੁਕਤਿਆਂ ਸਬੰਧੀ ਮੰਗੀ ਗਈ ਸੂਚਨਾਂ Voluminous ਹੈ, ਜਿਸਨੂੰ ਕੰਪਾਇਲ ਕਰਨ ਵਿੱਚ ਇਸ ਦਫਤਰ ਦਾ ਬਹੁਮੁੱਲਾ ਵਕਤ ਜਾਇਆ ਹੋਣ ਬਾਰੇ ਲਿੱਖ ਕੇ ਸੂਚਨਾਂ ਨਾ ਦੇਣ ਸਬੰਧੀ ਮੈਨੂੰ ਖੱਜਲ ਖਰਾਬ ਕਰਕੇ ਕੁਰਾਹੇ ਪਾਇਆ ਗਿਆ ਹੈ ।

ਕਿਰਪਾ ਕਰਕੇ ਮੇਰੀ ਇਹ ਪਹਿਲੀ ਅਪੀਲ ਮੰਨਜੂਰ ਕਰਕੇ ਲੋਕ ਸੂਚਨਾਂ ਅਧਿਕਾਰੀ-ਕਮ-ਜਿਲ੍ਹਾ ਟਰਾਂਸਪੋਰਟ ਅਫਸਰ ਫਿਰੋਜ਼ਪੁਰ-152001 ਦੇ ਬਰਖਿਲਾਫ ਆਰ.ਟੀ.ਆਈ.ਐਕਟ 2005 ਤਹਿਤ ਬਣਦੀ ਕਾਨੂੰਨੀ ਕਾਰਵਾਈ ਕਰਕੇ ਜੁਰਮਾਨਾਂ ਪਾਇਆ ਜਾਵੇ ਤੇ ਫਾਰਮ-ਏ ਤਹਿਤ ਮੰਗੀ ਗਈ ਸੂਚਨਾਂ ਮੈਨੂੰ ਜਲਦ ਮੁਹੱਈਆ ਕਰਵਾਈ ਜਾਵੇ ਜੀ ।

ਅਪੀਲ ਕਰਤਾ...

ਮਿਤੀ 19-4-2016

ਨੋਟ:- ਦਰਖਾਸਤ ਫਾਰਮ-ਏ,ਪੋਸਟਲ ਆਰਡਰ ਅਤੇ ਰਜਿਸਟਰਡ ਡਾਕ ਰਸੀਦ ਦੀ ਫੋਟੋ ਕਾਪੀ ।

ਵਿੱਕੀ ਬਜਾਜ ਪੁੱਤਰ ਸ੍ਰੀ ਕ.ਐਲ.ਬਜਾਜ
ਵਾਸੀ 51, ਵਿਕਾਸ ਵਿਹਾਰ, ਫੇਸ-1,
ਫਿਰੋਜ਼ਪੁਰ ਸ਼ਹਿਰ(ਪੰਜਾਬ)-152001
Mobile No.96533-65252.

COUNTERFOIL

To be detached and kept by the Sender.

पोस्टल ऑर्डर

₹ 10

POSTAL ORDER

To whom payable D.T.O Ferozpur

At what Office Ferozpur

Whether crossed

Date sent 22/2/2016

31F 356596

RL FEROZEPUR H.O <152001
RP513094265IN
Counter No:2,OP-Code:01
To:PIO CUM DTO,
FEROZEPUR, PIN:152002
From:VICKY BAJAJ , FZR
Wt:20grams,
PS:25.00, (LFee:Rs.3.00), 22/02/2016 17:58
<<Track on www.indiapost.gov.in>>

# RIGHT TO INFORMATI

532 PUNJAB GOVT.GAZ.(EXTRA)
(ASVINA 20, 1927

FORM 'A'

ublic Information Officer/
ct Transport Officer,
epur.

e of the applicant: ਵਿੱਕੀ ਬਜਾਜ ਪੁੱਤਰ ਸ੍ਰੀ ਕੇ.ਐਲ.ਬਜਾਜ

51, ਵਿਕਾਸ ਵਿਹਾਰ, ਫੇਜ-1, ਫਿਰੋਜਪੁਰ ਸ਼ਹਿਰ-152002.

ars of information required- ਸੂਚਨਾਂ ਬਾਬਤ ਡੀ.ਟੀ.ਓ. ਦਫਤਰ ਫਿਰੋਜਪੁਰ ਅਤੇ ਇਸ
ct matter of information: ਦਫਤਰ ਨਾਲ ਸਬੰਧਤ ਸੁਵਿਧਾ ਸ਼ਾਖਾ ਫਿਰੋਜਪੁਰ ਦੇ ਸਬੰਧ ਵਿੱਚ ।

(ii) The period to which the Information relates: ਮਿਤੀ 01-01-2002 ਤੋਂ ਮਿਤੀ 16-02-2016 ਤੱਕ ।

(iii) Description of the Information required: ਉਕਤ ਪੈਰਾ (3)(i)(ii)ਅਨੁਸਾਰ

1) ਆਪ ਦੇ ਦਫਤਰ ਵੱਲੋਂ ਜੋ ਨਵੇਂ ਵਿਹੀਕਲਾ ਦੀ
ਸਿਕਿਊਰਟੀ ਨੰਬਰ ਪਲੇਟਾਂ ਠੇਕੇਦਾਰ ਰਾਹੀਂ ਸਰਕਾਰ ਦੇ
ਰਜਿਸਟਰੇਸ਼ਨ ਕਰਨ ਉਪਰੰਤ ਸਰਕਾਰੀ ਹਾਈ
ਹੁਕਮਾਂ ਅਨੁਸਾਰ ਲਗਵਾਈਆਂ ਜਾਂਦੀਆਂ ਸਨ, ਉਸ ਠੇਕੇਦਾਰ ਨਾਲ ਸਰਕਾਰ ਵੱਲੋਂ ਜੋ ਐਗਰੀਮੈਂਟ ਕੀਤਾ
ਗਿਆ ਸੀ, ਉਸ ਐਗਰੀਮੈਂਟ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ । ਇਹ ਸਰਕਾਰੀ ਹਾਈ ਸਿਕਿਊਰਟੀ
ਨੰਬਰ ਪਲੇਟਾਂ ਲਗਾਉਣ ਦੇ ਸਮੇਂ ਦੌਰਾਨ ਸਰਕਾਰ ਵੱਲੋਂ ਉਸ ਠੇਕੇਦਾਰ ਨਾਲ ਜੇਕਰ ਐਗਰੀਮੈਂਟ ਕੈਂਸਲ
ਕੀਤਾ ਗਿਆ ਤਾਂ ਉਸ ਕੈਂਸਲ ਕੀਤੇ ਐਗਰੀਮੈਂਟ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ਅਤੇ ਉਸ ਸਮੇਂ ਜੋ
ਹਾਈ ਸਿਕਿਊਰਟੀ ਨੰਬਰ ਪਲੇਟਾਂ ਵੱਧ ਗਈਆਂ, ਉਸਦੀ ਲਿਸਟ ਤਸਦੀਕਸ਼ੁਦਾ ਦਿੱਤੀ ਜਾਵੇ ।

2) ਮਿਤੀ 1-7-2014 ਤੋਂ 16-2-2016 ਤੱਕ ਦੇ ਸਮੇਂ ਦੌਰਾਨ ਜਿੰਨੇ ਅਦਰ ਸਟੇਟ ਦੇ ਵਿਹੀਕਲਾਂ ਦੇ ਬਿਲ
ਆਪ ਜੀ ਦੇ ਦਫਤਰ ਵਿੱਚ ਨਵੀਆਂ ਰਜਿਸਟਰੇਸ਼ਨ ਕਰਵਾਉਣ ਲਈ ਆਏ ਹਨ, ਜਿੰਨ੍ਹਾਂ ਵੱਲੋਂ ਵੈਟ ਡਿਫਰੈਂਸ
ਭਰਿਆ ਹੈ, ਉਸ ਵੈਟ ਡਿਫਰੈਂਸ ਦੀ ਲਿਸਟ ਤੇ ਬਿੱਲਾਂ(invoice) ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ।

3) ਆਪ ਜੀ ਦੇ ਦਫਤਰ ਵਿੱਚ ਜਿੰਨੇ ਵਿਹੀਕਲਾਂ ਦੀਆਂ ਆਰ.ਸੀਆਂ.ਸੁਵਿਧਾ ਸੈਂਟਰ ਫਿਰੋਜਪੁਰ ਦੀ ਖਿੜਕੀ
ਨੰਬਰ 17 ਰਾਹੀ ਟਰਾਂਸਫਰ ਹੋਈਆਂ ਹਨ ਉਹਨਾਂ ਦੀ ਲਿਸਟ ਤਸਦੀਕਸ਼ੁਦਾ ਦਿੱਤੀ ਜਾਵੇ ।

4) ਸਾਲ 2002 ਤੋਂ ਲੈ ਕੇ 30-08-2012 ਤੱਕ ਜੋ ਡਰਾਈਵਿੰਗ ਲਾਇਸੰਸ ਦੀਆਂ ਸਰਕਾਰੀ ਫੀਸਾਂ ਜਮ੍ਹਾਂ
ਹੋਈਆਂ ਹਨ, ਉਸਦੀ ਲਿਸਟ ਤਸਦੀਕਸ਼ੁਦਾ ਦਿੱਤੀ ਜਾਵੇ ।

5) ਸਾਲ 2002 ਤੋਂ ਮਿਤੀ 16-2-2016 ਤੱਕ ਆਪ ਦੇ ਦਫਤਰ ਵਿੱਚ ਆਡਿਟ ਪਾਰਟੀ ਵੱਲੋ ਜਿੰਨੀ ਵਾਰ
ਡਰਾਈਵਿੰਗ ਲਾਇਸੰਸਾਂ ਦੀਆਂ ਫੀਸਾਂ ਦਾ ਆਡਿਟ ਕੀਤਾ ਗਿਆ, ਉਸ ਆਡਿਟ ਰਿਪੋਰਟ ਦੀ ਸਾਲਵਾਈਜ਼
ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ।

6) ਮਿਤੀ 1-7-2014 ਤੋਂ 16-2-2016 ਤੱਕ ਡੀ.ਟੀ.ਓ. ਦਫਤਰ ਦੀ ਸਰਕਾਰੀ ਐਮਬੈਸਡਰ ਕਾਰ ਦੀ ਜਿੰਨ੍ਹੀ
ਵਾਰ ਰਿਪੇਅਰ ਕਰਵਾਈ ਗਈ, ਉਸਦੇ ਬਿੱਲਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ਅਤੇ ਇਸ ਸਰਕਾਰੀ
ਕਾਰ ਦੀ ਲੌਗ ਬੁੱਕ ਦੀ ਤਸਦੀਕਸ਼ੁਦਾ ਫੋਟੋ ਸਟੇਟ ਕਾਪੀ ਦਿੱਤੀ ਜਾਵੇ । ਇਸੇ ਸਮੇਂ ਦੌਰਾਨ ਜੋ ਡੀ.ਟੀ.ਓ.
ਸਾਹਿਬ ਫਿਰੋਜਪੁਰ ਪਾਸ ਐਸ.ਡੀ.ਐਮ. ਗੁਰੂਹਰਸਹਾਏ ਦਾ ਚਾਰਜ ਰਿਹਾ ਹੈ, ਉਸ ਸਮੇਂ ਦੌਰਾਨ ਸਰਕਾਰੀ
ਇਨੋਵਾ ਵਿਹੀਕਲ ਜੋ ਇਸਤੇਮਾਲ ਕੀਤੀ, ਉਸਦੀ ਰਿਪੇਅਰ ਦੇ ਬਿੱਲਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ
ਅਤੇ ਉਸ ਸਰਕਾਰੀ ਗੱਡੀ ਦੀ ਲੌਗਬੁੱਕ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ।

7) ਆਪ ਜੀ ਦੇ ਦਫਤਰ ਵਿੱਚ ਕਮਰਸ਼ੀਅਲ ਤੇ ਨੌਨ ਕਮਰਸ਼ੀਅਲ ਵਿਹੀਕਲਾਂ ਦਾ ਜੋ ਕੰਮ ਹੁੰਦਾ ਹੈ,
ਉਹਨ੍ਹਾਂ ਕਮਰਸ਼ੀਅਲ ਤੇ ਨੌਨ ਕਮਰਸ਼ੀਅਲ ਵਿਹੀਕਲਾਂ ਦੇ ਪਰਚੇਜ਼ ਦੇ ਹਲਫੀਆ ਬਿਆਨਾਂ ਵਿੱਚ ਜੋ
ਬਾਈਨੇਮ ਤੇ ਮੋਬਾਇਲ ਨੰਬਰ ਵਾਲੀ ਮੋਹਰਾਂ ਬਤੌਰ ਗਵਾਹ ਲਗਾਈਆਂ ਜਾਂਦੀਆਂ ਹਨ, ਉਹ ਮਿਤੀ 1-08-
2015 ਤੋਂ 16-2-2016 ਤੱਕ ਦੇ ਸਮੇਂ ਦੌਰਾਨ ਉਹਨਾਂ ਸਾਰੇ ਹਲਫੀਆ ਬਿਆਨਾਂ ਦੀਆਂ ਤਸਦੀਕਸ਼ੁਦਾ ਫੋਟੋ
ਸਟੇਟ ਕਾਪੀਆਂ ਦਿੱਤੀਆਂ ਜਾਣ ।

Vicky Bajaj

ਚਲਦਾ..2

Photocopy



(iv) Whether information is required by post or in person (*the actual postal charges shall be included in additional fees).

ਡਾਕ ਰਾਹੀਂ (ਇੰਡੀਅਨ ਪੋਸਟਲ ਆਰਡਰ ਰੁ: 10/- ਦਰਖਾਸਤ ਫੀਸ ਨਾਲ ਨੱਥੀ ਹੈ)

IPO No. 31F-325596

(v) In case by post(Ordinary, Registered or Speed Post).

Registered Post.:

Place: Ferozepur.
Dated: 12-2-2016.

VICKY BAJAJ
Signature of the applicant.
(Vicky Bajaj)
Mobile No 96531-00631.

---

## ACKNOWLEDGEMENT

Received your application dated ________ vide Diary No. ________ dated ________.

Signatures of Public Information Officer/
Assistant Public Information Officer.

Name of the Department/Office ________________________

## ਜ਼ਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜ਼ਪੁਰ ।

ਵੱਲੋਂ:

ਪਬਲਿਕ ਇੰਨਫਰਮੇਸ਼ਨ ਅਫਸਰ-ਕਮ-
ਜ਼ਿਲ੍ਹਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ।

ਵੱਲ

ਸ੍ਰੀ ਸੁਖਜਿੰਦਰ ਸਿੰਘ ਕਲਰਕ,
ਜ਼ਿਲ੍ਹਾ ਟਰਾਂਸਪੋਰਟ ਦਫ਼ਤਰ,
ਫਿਰੋਜ਼ਪੁਰ ।

ਨੰਬਰ ਮਿਤੀ:

ਵਿਸ਼ਾ: ਆਰ.ਟੀ.ਆਈ. ਐਕਟ 2005 ਅਧੀਨ ਸੂਚਨਾਂ ਦੇਣ ਬਾਰੇ ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਵਿੱਕੀ ਬਜਾਜ ਪੁੱਤਰ ਕੇ.ਐਲ.ਬਜਾਜ 51,ਵਿਕਾਸ ਵਿਹਾਰ, ਫੇਸ-1, ਫਿਰੋਜ਼ਪੁਰ ਸ਼ਹਿਰ ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਮਿਤੀ 22-02-2016 ਨੂੰ ਪ੍ਰਾਪਤ ਹੋਈ ਦਰਖਾਸਤ ਸੰਬੰਧੀ ਸੂਚਨਾਂ ਅਧਿਕਾਰ ਐਕਟ ਦੀ ਧਾਰਾ 5 ਉਪਧਾਰਾ 4 ਅਧੀਨ ਆਪ ਦੀ ਸਹਾਇਤਾ ਮੰਗੀ ਜ਼ਾਦੀ ਹੈ । ਇਸ ਦਰਖਾਸਤ ਸੰਬੰਧੀ ਸੂਚਨਾਂ ਨੀਯਤ ਸਮੇਂ ਵਿੱਚ ਪ੍ਰਾਪਤ ਕੀਤੀ ਜਾਣੀ ਜ਼ਰੂਰੀ ਹੈ । ਇਸ ਲਈ ਇਹ ਸੂਚਨਾਂ ਮੁਹੱਈਆ ਕਰਵਾਈ ਜਾਵੇ ।

ਪਬਲਿਕ ਇੰਨਫਰਮੇਸ਼ਨ ਅਫਸਰ-ਕਮ-
ਜ਼ਿਲ੍ਹਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ ।

ਪਿੱਠ ਅੰਕਣ ਨੰਬਰ 169 ਮਿਤੀ: 22-2-2016

ਉਪਰੋਕਤ ਦਾ ਉਤਾਰਾ ਵਿੱਕੀ ਬਜਾਜ ਪੁੱਤਰ ਕੇ.ਐਲ.ਬਜਾਜ ਵਾਸੀ 51, ਵਿਕਾਸ ਵਿਹਾਰ, ਫੇਸ-1, ਫਿਰੋਜ਼ਪੁਰ ਸ਼ਹਿਰ ਨੂੰ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਂਦਾ ਹੈ ।

ਪਬਲਿਕ ਇੰਨਫਰਮੇਸ਼ਨ ਅਫਸਰ-ਕਮ-
ਜ਼ਿਲ੍ਹਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ ।

(ਰਜਿਸਟਰਡ ਡਾਕ ਰਾਹੀਂ)

**ਪਬਲਿਕ ਇੰਨਫਰਮੇਸ਼ਨ ਅਫਸਰ-ਕਮ-ਜਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜ਼ਪੁਰ**

ਵੱਲ:

ਵਿੱਕੀ ਬਜਾਜ ਪੁੱਤਰ ਸ੍ਰੀ ਕੇ.ਐਲ ਬਜਾਜ,
51, ਵਿਕਾਸ ਵਿਹਾਰ, ਫੇਜ-1 ਫਿਰੋਜ਼ਪੁਰ।
ਸ਼ਹਿਰ-152002.

ਪੱਤਰ ਨੰ:ਡੀ.ਟੀ.ਓ/ਫਿਰੋਜ਼ਪੁਰ/ 269 ਮਿਤੀ: 29/3/2016

ਵਿਸ਼ਾ: ਆਰ.ਟੀ.ਆਈ ਐਕਟ 2005 ਤਹਿਤ ਸੂਚਨਾ ਮੁਹੱਈਆ ਕਰਾਉਣ ਬਾਰੇ।
(ਪੋਸਟਲ ਆਰਡਰ ਨੰ:31 ਐਫ 356596)

ਆਪ ਵਲੋਂ ਮਿਤੀ 22/2/2016 ਨੂੰ ਆਰ.ਟੀ.ਆਈ ਐਕਟ 2005 ਅਧੀਨ ਦਿੱਤੀ ਗਈ ਦਰਖਾਸਤ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਵਲੋ 7 (ਸੱਤ) ਨੁਕਤੇ ਬਣਾ ਕੇ ਜੋ ਸੂਚਨਾ ਮੰਗੀ ਗਈ ਹੈ ਉਹ Voluminous ਹੈ। ਜਿਸ ਨੂੰ ਕੰਪਾਇਲ ਕਰਨ ਵਿੱਚ ਇਸ ਦਫ਼ਤਰ ਦਾ ਬਹੁਮੁੱਲਾ ਵਕਤ ਜਾਇਆ ਹੋ ਸਕਦਾ ਹੈ। ਇਸ ਤੋ ਇਲਾਵਾ ਆਪ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਵਲੋਂ ਦਫ਼ਤਰ ਦੇ ਕੰਮਕਾਰ ਦੇ ਹਰ ਪਹਿਲੂ ਸਬੰਧੀ ਬਹੁਤ ਸਾਰੇ ਨੁਕਤੇ ਬਣਾ ਕੇ ਵਾਰ-ਵਾਰ ਸੂਚਨਾ ਮੰਗੀ ਜਾਂਦੀ ਹੈ। ਜਿਸ ਨਾਲ ਇਸ ਦਫ਼ਤਰ ਦੇ ਕਰਮਚਾਰੀਆ ਦਾ ਪਬਲਿਕ ਦੇ ਕੰਮ-ਕਾਰ ਨਿਪਟਾਉਣ ਵਾਲਾ ਬਹੁਮੁੱਲਾ ਵਕਤ ਜਾਇਆ ਹੋ ਸਕਦਾ ਹੈ।

ਆਪ ਵਲੋਂ ਦਿੱਤੀਆ ਜਾਂਦੀਆ ਸਮੂਹ ਦਰਖਾਸਤਾ ਆਰ.ਟੀ.ਆਈ ਐਕਟ ਦੀ ਭਾਵਨਾ ਦੇ ਅਨਕੂਲ ਨਹੀਂ ਹਨ। ਆਰ.ਟੀ.ਆਈ ਐਕਟ ਅਧੀਨ ਦਫ਼ਤਰ ਵਿੱਚ ਜਿਸ ਰੂਪ ਵਿੱਚ ਸੂਚਨਾ ਮੌਜੂਦ ਹੈ,ਉਸੇ ਰੂਪ ਵਿੱਚ ਪ੍ਰਦਾਨ ਕਰਨੀ ਹੁੰਦੀ ਹੈ। ਸੂਚਨਾ ਅਧਿਕਾਰੀ ਵਲੋਂ [illegible] ਹੁੰਦੀ ਹੈ ਅਤੇ ਨਾ ਹੀ ਕਿਸੇ ਦਸਤਾਵੇਜ਼ ਸਬੰਧੀ ਆਪਣੀ ਰਾਏ, ਟਿੱਪਣੀ ਜਾਂ ਮਤ ਦੇਣਾ ਹੁੰਦਾ ਹੈ। ਜੇਕਰ ਆਪ ਨੂੰ ਕਿਸੇ ਖਾਸ ਦਸਤਾਵੇਜ਼ ਦੀ ਫੋਟੋ ਕਾਪੀ ਦੀ ਜਰੂਰਤ ਹੈ ਤਾਂ ਇਸ ਦਫ਼ਤਰ ਤੋ ਲੈ ਸਕਦੇ ਹੋ। ਪਰ ਆਪ ਵਲੋਂ 7 (ਸੱਤ) ਨੁਕਤਿਆਂ ਰਾਹੀਂ ਮੰਗੀ ਗਈ Voluminous ਸੂਚਨਾ ਕਰਨ ਤੋ ਇਹ ਦਫ਼ਤਰ ਅਸਮਰੱਥ ਹੈ।

ਜੇਕਰ ਆਪ ਇਸ ਦਫ਼ਤਰ ਦੇ ਇਸ ਪੱਤਰ ਨਾਲ ਸਹਿਮਤ ਨਹੀ ਹੋ ਤਾਂ ਇਸ ਸਬੰਧੀ ਪਹਿਲੀ ਅਪੀਲ ਅਥਾਰਟੀ ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ-ਕਮ-ਫਸਟ ਐਪੀਲੇਟ ਅਥਾਰਟੀ, ਐਸ.ਸੀ.ਓ ਨੰਬਰ 177-178, ਸੈਕਟਰ-17 ਸੀ, ਚੰਡੀਗੜ੍ਹ ਵਿਖੇ ਅਪੀਲ ਕਰ ਸਕਦੇ ਹੋ।

ਪਬਲਿਕ ਇੰਨਫਰਮੇਸ਼ਨ ਅਫਸਰ-ਕਮ-
ਜਿਲ੍ਹਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ